# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

ਵੈਬਸਾਈਟ ਰਾਹੀਂ

ਵੱਲ :

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ),
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ/ਟੀ.ਟੀ-ਸਸਅ/ਰਮਸਅ /2012/B5457
ਮਿਤੀ, ਚੰਡੀਗੜ੍ਹ : 12.09.2012

ਵਿਸ਼ਾ : **ਸਸਅ ਤਹਿਤ ਐਜੂਸੈਟ ਰਾਹੀਂ ਕੰਪਿਊਟਰ ਏਡਿਡ ਲਰਨਿੰਗ (CAL) ਟਰੇਨਿੰਗ ਸਬੰਧੀ।**

1. ਉਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਰਾਜ ਦੇ ਕੁੱਲ 3170 ਸਕੂਲਾਂ (ਜ਼ਿਲ੍ਹਾ-ਵਾਇਜ਼ ਸੂਚੀ ਅਨੁਲੱਗ ੳ 'ਤੇ) ਵਿਚ ਕੰਪਿਊਟਰ ਏਡਿਡ ਲਰਨਿੰਗ ਸਬੰਧੀ ਇਕਊਪਮੈਂਟ ਹੇਠ ਦਰਸਾਏ ਵੇਰਵੇ ਅਨੁਸਾਰ ਮੁਹੱਈਆ ਕਰਵਾਏ ਗਏ ਹਨ :

| ਲੜੀ ਨੰ. | ਇਕਊਪਮੈਂਟ | ਸਕੂਲਾਂ ਦੀ ਗਿਣਤੀ |
|---|---|---|
| 1. | 29" ਟੀ.ਵੀ. + ਡੀ.ਵੀ.ਡੀ. ਪਲੇਅਰ | 1300 |
| 2. | ਕੇ-ਯਾਨ | 470 |
| 3. | ਕੰਪਿਊਟਰ + ਐਲ.ਐਫ.ਡੀ. | 1400 |
| | ਕੁੱਲ | 3170 |

2. ਉਕਤ ਦਰਸਾਏ ਸਕੂਲਾਂ ਵਿਚ ਕੰਪਿਊਟਰ ਏਡਿਡ ਲਰਨਿੰਗ ਤਹਿਤ ਸਾਇੰਸ, ਮੈਥ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ 'ਤੇ ਵਿਸ਼ਾ-ਵਾਇਜ਼ 6ਵੀਂ-8ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਐਨੀਮੇਸ਼ਨ-ਟੈਕਨਾਲੋਜੀ ਆਧਾਰਿਤ ਵਿਸ਼ਾ-ਵਸਤੂ ਤਿਆਰ ਕੀਤਾ ਗਿਆ ਹੈ, ਤਾਂ ਜੋ ਵਿਦਿਆਰਥੀਆਂ ਦੀ ਸਿੱਖਣ ਪ੍ਰਕਿਰਿਆ ਵਿਚ ਰੌਚਕਤਾ ਲਿਆਂਦੀ ਜਾ ਸਕੇ।

3. ਇਸ ਸਬੰਧੀ ਮਿਤੀ 18.09.2012 ਤੋਂ 21.09.2012 ਤੱਕ 4 ਪੜਾਵਾਂ ਵਿਚ ਇਹਨਾਂ ਸਕੂਲਾਂ ਦੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਲਈ ਉਕਤ ਇਕਊਪਮੈਂਟ ਰਾਹੀਂ ਵਿਸ਼ਾ-ਵਾਇਜ਼ ਤਿਆਰ ਕੀਤੇ ਗਏ ਐਨੀਮੇਟਿਡ ਵਿਸ਼ਾ-ਵਸਤ ਨੂੰ ਵਰਤਣ/ਓਪਰੇਟ ਕਰਨ ਸਬੰਧੀ 1 ਰੋਜ਼ਾ ਟਰੇਨਿੰਗ ਐਜੂਸੈਟ ਰਾਹੀਂ ਹੇਠ ਦਰਸਾਏ ਸ਼ਡਿਊਲ ਅਨੁਸਾਰ ਕਰਵਾਈ ਜਾਵੇਗੀ :-

| ਫੇਜ਼ ਨੰ. | ਵਿਸ਼ਾ ਅਧਿਆਪਕ | ਟਰੇਨਿੰਗ ਦੀ ਮਿਤੀ | ਸਮਾਂ |
|---|---|---|---|
| 1. | ਮੈਥ | 18.09.12 | ਸਵੇਰੇ 8:00 ਵਜੇਂ ਤੋਂ 9:00 ਵਜੇ ਤੱਕ |
| 2. | ਸਾਇੰਸ | 19.09.12 | |
| 3. | ਅੰਗਰੇਜ਼ੀ | 20.09.12 | |
| 4. | ਐਸ.ਐਸ | 21.09.12 | |
| ਨੋਟ : - ਐਜੂਸੈਟ ਰਾਹੀਂ 1 ਘੰਟੇ ਦੀ ਟਰੇਨਿੰਗ ਉਪਰੰਤ ਸਬੰਧਤ ਅਧਿਆਪਕ ਆਪਣੇ ਪਿੱਤਰੀ ਸਕੂਲਾਂ ਵਿਚ ਜਾਣਗੇ ਅਤੇ ਸਕੂਲਾਂ ਵਿਚ ਮੌਜੂਦ CAL ਸਬੰਧਤ ਸਾਜ਼ੋ-ਸਮਾਨ ਨੂੰ ਓਪਰੇਟ ਕਰਨ ਸਬੰਧੀ ਲੋੜੀਂਦਾ ਅਭਿਆਸ ਕੀਤਾ ਜਾਣਾ ਯਕੀਨੀ ਬਣਾਉਣਗੇ। | | | |

4. ਇਸ ਪੱਤਰ ਰਾਹੀਂ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹਾ ਐਜੂਸੈਟ ਕੋਆਡਰੀਨੇਟਰ ਨੂੰ ਹਦਾਇਤ ਕੀਤੀ ਜਾਵੇ ਕਿ ਉਪਰੋਕਤ ਸ਼ਡਿਊਲ ਅਨੁਸਾਰ ਅਧਿਆਪਕਾਂ ਦੇ ਸਹੂਲਤ ਅਨੁਸਾਰ ਨੇੜੇ ਦੇ ਚਾਲੂ ਐਸ.ਆਈ.ਟੀ./ਆਰ.ਓ.ਟੀ. ਤੇ ਅਧਿਆਪਕਾਂ ਦੇ ਬੈਠਣ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇ। ਇਸ ਦੇ ਨਾਲ ਹੀ ਸਬੰਧਤ ਸਕੂਲਾਂ ਦੇ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਵੇ ਕਿ ਸ਼ਡਿਊਲ ਅਨੁਸਾਰ ਦਿੱਤੇ ਸਮੇਂ ਤੋਂ 10 ਮਿੰਟ ਪਹਿਲਾਂ ਪਹੁੰਚ ਕੇ ਉਕਤ ਟਰੇਨਿੰਗ ਵਿਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

5. ਇਸ ਟਰੇਨਿੰਗ ਵਿਚ ਭਾਗ ਲੈਣ ਵਾਲੇ ਅਧਿਆਪਕਾਂ ਦੇ ਵੇਰਵੇ/ ਰਿਕਾਰਡ ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰ ਵੱਲੋਂ ਸਬੰਧਤ ਪ੍ਰਿੰਸੀਪਲ ਜੀ.ਆਈ.ਐਸ.ਟੀ.ਸੀ./ਡਾਇਟ (ਜੀ.ਆਈ.ਐਸ.ਟੀ.ਸੀ. ਨਾ ਹੋਣ ਦੀ ਸੂਰਤ ਵਿਚ) ਨੂੰ ਜਮ੍ਹਾਂ ਕਰਵਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਿਟੀ
ਪੰਜਾਬ, ਚੰਡੀਗੜ੍ਹ।

ਮੀਮੋ ਨੰ: ਐਡਮਿਨ/ਰਮਸਅ/2012/ਮਿਤੀ, ਚੰਡੀਗੜ੍ਹ : 85458-85460ਮਿਤੀ . 12.09.2012.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਸਮੂਹ ਪ੍ਰਿੰਸੀਪਲ ਜੀ.ਆਈ.ਐਸ.ਟੀ.ਸੀ., ਪੰਜਾਬ ।
2. ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ (ਫਤਹਿਗੜ੍ਹ ਸਾਹਿਬ ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ ਅਤੇ ਸ਼ਹੀਦ ਭਗਤ ਸਿੰਘ ਨਗਰ)।
3. ਸਮੂਹ ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰਜ਼, ਪੰਜਾਬ ।
4. ਡੀ. ਐਮ. (ਐਮ.ਆਈ. ਐਸ) ਨੂੰ ਵੈਬਸਾਈਟ 'ਤੇ ਪਾਉਣ ਲਈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਿਟੀ
ਪੰਜਾਬ, ਚੰਡੀਗੜ੍ਹ